# 10
# ਛੇ ਘੰਟੇ, 2

## ਮੱਤੀ 27:45-54; ਮਰਕੁਸ 15:33-39; ਲੂਕਾ 23:44-47; ਯੂਹੰਨਾ 19:28-30

*''ਸੋ ਜਾਂ ਯਿਸੂ ਨੇ ਸਿਰਕਾ ਲਿਆ ਤਾਂ ਆਖਿਆ, ਪੂਰਾ ਹੋਇਆ ਹੈ। ਤਦ ਉਹ ਨੇ ਸਿਰ ਨਿਵਾ ਕੇ ਜਾਨ ਦੇ ਦਿੱਤੀ'' (ਯੂਹੰਨਾ 19:30)।*

### ਆਖਰੀ ਤਿੰਨ ਘੰਟੇ

ਸਲੀਬ 'ਤੇ ਯਿਸੂ ਦੇ ਆਖਰੀ ਤਿੰਨ ਘੰਟੇ ਜ਼ਲਾਲਤ ਭਰੇ, ਗ਼ੈਰ ਕੁਦਰਤੀ ਹਨੇਰੇ ਵਿਚ ਬੀਤੇ। ਹਰ ਪਾਸੇ ਖ਼ਾਮੋਸ਼ੀ ਛਾ ਗਈ। ਸਿਰਫ਼ ਤਿੰਨ ਮਰ ਰਹੇ ਆਦਮੀਆਂ ਦੀ ਕੁਰਲਾਹਟ ਅਤੇ ਖ਼ੂਨ ਦੀਆਂ ਬੂੰਦਾਂ ਡਿੱਗਣ ਦੀ ਅਵਾਜ਼ ਹੀ ਸੁਣਾਈ ਦੇ ਸਕਦੀ ਸੀ।

ਆਖ਼ਰੀ ਤਿੰਨ ਘੰਟਿਆਂ ਵਿਚ ਯਿਸੂ ਨੇ ਛੇਤੀ-ਛੇਤੀ ਚਾਰ ਹੋਰ ਵਾਕ ਕਹੇ। ਉਹਨੇ ਪੁਕਾਰਿਆ, ''ਏਲੀ ਏਲੀ ਲਮਾ ਸਬਕਤਾਨੀ?'' ਜਿਸ ਤੋਂ ਭਾਵ ਹੈ ਕਿ ''ਹੇ ਮੇਰੇ ਪ੍ਰਮੇਸ਼ਵਰ, ਹੇ ਮੇਰੇ ਪ੍ਰਮੇਸ਼ਵਰ, ਤੂੰ ਮੈਨੂੰ ਕਿਉਂ ਛੱਡ ਦਿੱਤਾ?'' (ਮੱਤੀ 27:46; ਮਰਕੁਸ 15:34)। ਖ਼ੁਦਾ ਨੇ ਯਿਸੂ ਨੂੰ ਪਾਪ ਬਣਨ ਦਿੱਤਾ (2 ਕੁਰਿੰਥੀਆਂ 5:21)। ਜਿਸ ਕਰਕੇ ਖ਼ੁਦਾ ਅਤੇ ਯਿਸੂ ਅੱਡ ਹੋ ਗਏ ਸਨ। ਕਿੰਨਾ ਭਿਆਨਕ ਨਜ਼ਾਰਾ ਹੈ! ਉਫ਼, ਪਾਪ ਐਨਾ ਖ਼ਤਰਨਾਕ ਹੈ!

ਖ਼ੁਦਾ ਦੇ ਪੁੱਤਰ 'ਤੇ ਕਿਸੇ ਵੀ ਮਨੁਖ 'ਤੇ ਪੈਣ ਵਾਲੀ ਸਜ਼ਾ ਨਾਲੋਂ ਡੂੰਘਾ ਜ਼ਖ਼ਮ ਖ਼ੁਦਾ ਤੋਂ ਜੁਦਾਈ ਨੇ ਦਿੱਤਾ। ਇਹ ਵਾਕ ਮਨੁੱਖ ਦੇ ਗੁਆਚੇ ਹੋਣ ਅਤੇ ਉਹਦੀ ਲਾਚਾਰੀ ਦੀ ਡੰਡ ਪਾਉਂਦਾ ਹੈ। ਯਿਸੂ ਦੀ ਮੌਤ ਪਾਪ 'ਤੇ ਹੀ ਨਹੀਂ, ਮੌਤ 'ਤੇ ਵੀ ਫ਼ਤਹਿ ਸੀ (ਇਬਰਾਨੀਆਂ 2:14-18)। ਮਸੀਹੀ ਲੋਕਾਂ ਨੂੰ ਮੌਤ ਤੋਂ ਡਰਨ ਦੀ ਲੋੜ ਨਹੀਂ। ਸ਼ੈਤਾਨ ਹਾਰਿਆ ਹੋਇਆ ਦੁਸ਼ਮਣ ਹੈ। ਜਦਕਿ ਪਾਪ ਫ਼ਤਹਿ ਕੀਤਾ ਹੋਇਆ ਸਰਾਪ। ਮੌਤ ਆਪਣਾ ਡੰਗ ਗੁਆ ਚੁੱਕੀ ਹੈ (1 ਕੁਰਿੰਥੀਆਂ 15:21-26, 51-58)।

ਇਹ ਜਾਣਦਿਆਂ ਕਿ ਖ਼ੁਦਾ ਦੀ ਮਰਜ਼ੀ ਪੂਰੀ ਹੋ ਰਹੀ ਹੈ, ਯਿਸੂ ਨੇ ਆਖਿਆ, ''ਮੈਂ ਪਿਆਸਾ ਹਾਂ।'' ਇਸ ਵਿਚ ਯਿਸੂ ਦਾ ਮਨੁੱਖ ਹੋਣਾ ਨਜ਼ਰ ਆਉਂਦਾ ਹੈ, ਜੋ ਉਹਦਾ ਪੰਜਵਾਂ ਕਲਮਾ ਜਾਂ ਵਾਕ ਹੈ। ਮਨੁੱਖਤਾ ਦੀ ਦਿਲੋਂ ਪੁਕਾਰ ਹੈ ''ਮੈਂ ਪਿਆਸਾ ਹਾਂ'' (ਯੂਹੰਨਾ 19:28, 29; KJV)। ਸਸਤੀ ਦਾਖਰਸ ਨੇੜਿਓਂ ਮਿਲ ਗਈ। ਭਾਵੇਂ ਯਿਸੂ ਵਾਸਤੇ ਕੁਝ ਚੰਗਾ ਹੋ ਰਿਹਾ ਸੀ ਪਰ ਇਹ ਸਸਤਾ ਸੀ। ''ਜ਼ਿੰਦਗੀ ਦਾ ਪਾਣੀ'' ਪਿਆਸਾ ਸੀ! (ਯੂਹੰਨਾ 6:51-58)। ਯਿਸੂ ਨੇ ਆਪਣੇ ਮਨੁੱਖ ਹੋਣ ਨੂੰ ਰੱਦਣ ਲਈ ਆਪਣੀ ਖ਼ੁਦਾਈ ਦੀ ਵਰਤੋਂ ਨਹੀਂ ਕੀਤੀ।

ਸਲੀਬ 'ਤੇ ਚੜ੍ਹਾਇਆ ਜਾਣਾ ਮਨੁੱਖ ਹੋਣ ਦੇ ਸਾਰੇ ਹੱਕ ਖੋਹ ਲੈਣਾ ਸੀ। ਯਸਾਯਾਹ ਨੇ ਲਿਖਿਆ, ''ਪਰ ਜਿਹਨੇ ਵੀ ਉਹਨੂੰ ਵੇਖਿਆ ਉਹ ਹੋਰ ਭੈਭੀਤ ਹੋ ਗਏ ਕਿਉਂਕਿ ਉਹਨੇ ਉਦੋਂ ਤਕ ਦੁੱਖ ਝਲਿਆ ਜਦ ਤਕ ਉਹਦੀ ਸ਼ਕਲ ਵਿਗੜ ਨਹੀਂ ਗਈ'' (ਯਸਾਯਾਹ 52:14; CEV)। ਯਹੂਦੀ ਲੋਕ ਮਸੀਹਾ ਦੀ ਉਡੀਕ ਕਰਦੇ ਸਨ, ਪਰ ਜਦ ਉਹ ਆਇਆ ਤਾਂ ਉਨ੍ਹਾਂ ਉਸ ਨੂੰ ਠੁਕਰਾ ਕੇ ਸਲੀਬ ਚੜ੍ਹਾ ਦਿੱਤਾ। ਜਿਹੜਾ ਉਨ੍ਹਾਂ ਦੀ ਆਸ ਸੀ ਉਹੀ ਉਨ੍ਹਾਂ ਦੀ ਮੌਤ ਬਣ ਗਈ। ਮਸੀਹ ਦੇ ਬਗ਼ੈਰ ਧਰਮ ਨਾਲੋਂ ਖੋਖਲਾ ਹੋਰ ਕੁਝ ਨਹੀਂ ਹੋ ਸਕਦਾ।

ਖ਼ੁਦਾ ਬਦਲਦਾ ਨਹੀਂ ਹੈ। ਯਿਸੂ ਭਾਵ ਖ਼ੁਦਾ ਦੇ ਪੁੱਤਰ ਨੇ ਸਲੀਬ ਤੋਂ ਵਿਖਾਇਆ ਕਿ ਖ਼ੁਦਾ ਕਿਹੋ ਜਿਹਾ ਹੈ। ਛੇ ਘੰਟੇ ਸਲੀਬ 'ਤੇ ਰਹਿਣ ਮਗਰੋਂ, ਉਹਨੇ ਉਹੀ ਕਿਹਾ ਜੋ ਉਹ ਕਹਿ ਸਕਦਾ ਸੀ: ''ਪੂਰਾ ਹੋਇਆ ਹੈ!'' (ਯੂਹੰਨਾ 19:30)। ''ਕੰਮ ਪੂਰਾ ਹੋ ਗਿਆ!'' ਹੁਣ ਖ਼ੁਦਾ ਪਾਪੀਆਂ ਨੂੰ ਧਰਮੀ ਠਹਿਰਾ ਕੇ ਵੀ ਧਰਮੀ ਰਹਿ ਸਕਦਾ ਹੈ। ਯਿਸੂ ਇਹੀ ਆਖ ਰਿਹਾ ਸੀ ਕਿ ਉਹਨੇ ਉਹ ਸਭ ਕੁਝ ਪੂਰਾ ਕਰ ਲਿਆ ਜੋ ਸਾਡੀ ਨਜਾਤ ਲਈ ਕਰਨ ਵਾਸਤੇ ਪਿਤਾ ਨੇ ਉਹਨੂੰ ਭੇਜਿਆ ਸੀ। ਸੁਰਗ ਨੇ ਹਮੇਸ਼ਾ ਰਹਿਣਾ ਹੈ; ਖ਼ੁਦਾ ਨੇ ਸਾਡੇ ਲਈ ਜੋ ਕੀਤਾ ਹੈ ਉਹਨੂੰ ਸਮਝਣ ਦੀ ਸ਼ੁਰੂਆਤ ਲਈ ਪੂਰਾ ਅਨਾਦੀਕਾਲ ਲੱਗ ਜਾਵੇਗਾ। ਖ਼ੁਦਾ ਦੇ ਨਾਲ ਹੋਣ 'ਤੇ ਸਾਨੂੰ ਉਹਦੇ ਜਲਾਲ ਦੀ ਹੋਰ ਸਮਝ ਆਵੇਗੀ। ਯਿਸੂ ਉੱਥੇ ''ਲੇਲੇ'' ਦੇ ਤੌਰ 'ਤੇ ਹੋਵੇਗਾ (ਜਿਵੇਂ ਪ੍ਰਕਾਸ਼ ਦੀ ਪੋਥੀ ਦੀ ਪੂਰੀ ਕਿਤਾਬ ਵਿਚ ਵਿਖਾਇਆ ਗਿਆ ਹੈ)। ਪੂਰਾ ਅਨਾਦੀਕਾਲ ਉਹ ਐਲਾਨ ਕਰੇਗਾ ਜੋ ਯਿਸੂ ਦੇ ''ਪੂਰਾ ਹੋਇਆ ਹੈ!'' ਕਹਿਣ ਤੋਂ ਭਾਵ ਸੀ।

ਜਿਹਨੂੰ ਮਨੁੱਖ ਪੂਰਾ ਨਹੀਂ ਕਰ ਸਕਦਾ ਸੀ, ਉਹ ਯਿਸੂ ਨੇ ਕੀਤਾ। ਸ਼ੈਤਾਨ (ਇਲਜ਼ਾਮ ਲਾਉਣ ਵਾਲਾ) ਦਾ ਮੂੰਹ ਬੰਦ ਕਰ ਦਿੱਤਾ ਗਿਆ (ਪ੍ਰਕਾਸ਼ ਦੀ ਪੋਥੀ 12:9-11)। ਮੂਸਾ ਦੀ ਪੁਰਾਣੀ ਸ਼ਰ੍ਹਾ ਨੂੰ ਸਲੀਬ 'ਤੇ ਕਿੱਲਾਂ ਨਾਲ ਠੋਕ ਦਿੱਤਾ ਗਿਆ (ਇਬਰਾਨੀਆਂ 8:6-13; 9:12-18; 10:4-14, 18-31)। ਅੱਜ ਤਕ ਦੇ ਸਭ ਤੋਂ ਮਹਾਨ ਸ਼ਬਦ ਸਨ ''ਪੂਰਾ ਹੋਇਆ ਹੈ!''

ਯਿਸੂ ਨੇ ਸਲੀਬ ਤੋਂ ਆਖ਼ਰੀ ਵਾਕ ਉੱਚੀ ਅਵਾਜ਼ ਵਿਚ ਕਿਹਾ: ''ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ, ਅਤੇ ਇਹ ਕਹਿ ਕੇ ਪ੍ਰਾਣ ਛੱਡ ਦਿੱਤੇ'' (ਲੂਕਾ 23:46)। ਅਜੀਬ ਗੱਲ ਹੈ! ਪੁਕਾਰਨ ਲਈ ਉਹਨੂੰ ਬੜੀ ਕੋਸ਼ਿਸ਼ ਕਰਨੀ ਪਈ। ਉਹ ਆਪਣੇ ਆਖ਼ਰੀ ਸ਼ਬਦ ਸਭ ਨੂੰ ਸੁਣਾਉਣਾ ਚਾਹੁੰਦਾ ਸੀ। ਧਿਆਨ ਦਿਉ ਕਿ ਉਹਨੇ ਖ਼ੁਦਾ ਨੂੰ ਆਪਣੀ ਦੇਹ ਜਾਂ ਆਪਣਾ ਸਾਹ ਨਹੀਂ ਸੌਂਪਿਆ। ਉਹਨੇ ਆਪਣਾ ਆਤਮਾ ਸੌਂਪਿਆ। ਖ਼ੁਦਾ ਦੇ ਪੁੱਤਰ ਯਿਸੂ ਨੇ ਮਰਨਾ ਚੁਣਿਆ ਸੀ!

ਯਿਸੂ ਨੇ ਸਾਡੀ ਮੁਕਤੀ ਲਈ ਆਪਣਾ ਸਭ ਕੁਝ ਦੇ ਦਿੱਤਾ ਸੀ! ਉਹਦੇ ਪੈਰੋਕਾਰਾਂ ਨੂੰ ਵੀ ਕੁਰਬਾਨੀ ਭਰੀ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ। ਧਰਤੀ 'ਤੇ ਸਿਰਫ਼ ਕਲੀਸਿਆ ਹੀ ਉਹ ਸੰਸਥਾ ਹੈ ਜੋ ਖ਼ਾਸ ਤੌਰ 'ਤੇ ਉਨ੍ਹਾਂ ਦੇ ਫਾਇਦੇ ਵਾਸਤੇ ਹੈ ਜੋ ਇਹਦੇ ਮੈਂਬਰ ਨਹੀਂ ਹਨ।

## ਸਲੀਬ ਦਾ ਜਲਾਲ

ਯਿਸੂ ਨੇ ਆਪਣੇ ਜਲਾਲ ਪਾਉਣ ਜਿੰਨਾ ਆਪਣੇ ਸਲੀਬ ਦਿੱਤੇ ਜਾਣ ਬਾਰੇ ਨਹੀਂ ਦੱਸਿਆ। ਉਹਨੇ ਕਿਹਾ, ''ਹੇ ਪਿਤਾ ਘੜੀ ਆ ਪਹੁੰਚੀ ਹੈ। ਆਪਣੇ ਪੁੱਤਰ ਦੀ ਵਡਿਆਈ ਕਰ ਤਾਂ ਜੋ ਪੁੱਤਰ ਤੇਰੀ ਵਡਿਆਈ ਕਰੇ''; ''ਹੁਣ ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਨਾਲ

ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪਰਗਟ ਕਰ'' (ਯੂਹੰਨਾ 17:1, 5)। ਸਾਡੇ ਖ਼ੁਦਾ ਨੇ ਮੌਤ ਦੇ ਸਭ ਤੋਂ ਅਣਮਨੁੱਖੀ ਜ਼ਰੀਏ ਨੂੰ ਸਭ ਤੋਂ ਵੱਡੀ ਪ੍ਰੇਰਣਾ ਵਿਚ ਬਦਲ ਦਿੱਤਾ!

ਖ਼ੁਦਾ ਦੇ ''ਸਾਡੇ ਉੱਪਰ'' ਹੋਣ ਨੂੰ ਸਮਝੇ ਬਗ਼ੈਰ ਖ਼ੁਦਾ ਦੇ ''ਸਾਡੇ ਅੰਦਰ'' ਜਾਂ ''ਸਾਡੇ ਨੇੜੇ'' ਹੋਣ ਦੀ ਗੱਲ ਨਾ ਕਰੇ। ਖ਼ੁਦਾ ਦੇ ਦੋ ਤਖ਼ਤ ਹਨ, ਇਕ ਤਾਂ ਸਭ ਤੋਂ ਉੱਚੇ ਸੁਰਗ ਵਿਚ ਹੈ ਅਤੇ ਦੂਜਾ ਸਭ ਤੋਂ ਹਲੀਮ ਦਿਲ ਵਿਚ। ਸਲੀਬ ਨੂੰ ਸਮਝੇ ਬਗ਼ੈਰ ਸਾਨੂੰ ਮਸੀਹ ਦੀ ਸਮਝ ਨਹੀਂ ਆਉਂਦੀ। ਵਡਿਆਈ ਦੇ ਯੋਗ ਇੱਕੋ-ਇਕ ਸ਼ਖ਼ਸ ਨੇ ਸਾਰੀ ਵਡਿਆਈ ਆਪਣੇ ਪਿਤਾ ਨੂੰ ਦੇ ਦਿੱਤੀ। ਅਸੀਂ ਮਸੀਹ ਦੀ ਸਲੀਬ ਤੋਂ ਛੁੱਟ ਕਿਸੇ ਹੋਰ ਗੱਲ ਵਿਚ ਵਡਿਆਈ ਨਾ ਕਰੀਏ (ਗਲਾਤੀਆਂ 6:14)।

*ਸਲੀਬ ...*
*ਹੋਰ ਰਾਹ ਹੀ ਨਹੀਂ!*